**ਪੰਜਾਬ ਵਿਧਾਨ ਸਭਾ ਸਕੱਤਰੇਤ**

**ਕੁਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ**

ਸੂਚਨਾਂ ਅਧੀਨ ਦੱਸਿਆ ਜਾਂਦਾ ਹੈ ਕਿ ਸਭਾ ਸਕੱਤਰੇਤ ਵਿੱਚ ਲੱਗੇ ਪ੍ਰਿੰਟਰਾਂ ਦੇ ਟੋਨਰ ਰਿਫਿਲ ਦਾ ਕੰਮ **(Accessories ਸਮੇਤ)** ਕਰਵਾਉਣ ਲਈ ਇਕ ਸਾਲ ਦਾ ਸਾਲਾਨਾ ਠੇਕਾ ਕੀਤਾ ਜਾਣਾ ਹੈ। ਸਭਾ ਸਕੱਤਰੇਤ ਵਿਚ ਵਰਤੇ ਜਾਂਦੇ ਟੋਨਰਾਂ ਦੀ ਲਿਸਟ ਹੇਠ ਦਰਸਾਏ ਅਨੁਸਾਰ ਹੈ।

| **Sr.No** | **Tonner Cartidge & Accessories** |
|---|---|
| 1. | Canon 303, 313, 328, 925 |
| 2. | HP 36A, 884, 78A, 12A |
| 3. | Brother TN 2250, TN-2365, TN-8021 |

ਉਕਤ ਪ੍ਰਿੰਟਰਾਂ ਦੇ ਟੋਨਰ ਨੂੰ ਸਮੇਤ ਅਸੈਸਰੀਜ਼ ਰਿਫਿਲ ਕਰਨ ਲਈ ਨਿਮਨ ਸ਼ਰਤਾਂ ਤੇ ਓਪਨ ਮਾਰਕੀਟ ਵਿੱਚੋਂ ਰੇਟ ਕੁਟੇਸ਼ਨਾਂ ਮੰਗਵਾਈਆਂ ਜਾਂਦੀਆਂ ਹਨ:-

1. ਇਹ ਠੇਕਾ, ਠੇਕਾ ਸ਼ੁਰੂ ਹੋਣ ਦੀ ਮਿਤੀ ਤੋਂ ਇੱਕ ਸਾਲ ਲਈ ਹੋਵੇਗਾ।
2. ਵਿਧਾਨ ਸਭਾ ਸ਼ੈਸਨ ਦੌਰਾਨ ਵੈਂਡਰ ਦਾ ਘੱਟੋ-ਘੱਟ ਇੱਕ ਐਕਸਪਰਟ ਪੰਜਾਬ ਵਿਧਾਨ ਸਭਾ ਵਿੱਚ ਮੌਜੂਦ ਰਹੇਗਾ।
3. ਜਿਸ ਵੈਂਡਰ ਕੋਲ ਇਸ ਸੰਬੰਧੀ ਕਿਸੇ ਵੀ ਵਿਧਾਨ ਸਭਾ ਜਾਂ ਕਿਸੇ ਸਰਕਾਰੀ ਅਦਾਰੇ ਵਿੱਚ ਟੋਨਰ ਰਿਫਿਲ ਦੇ ਕੰਮ ਦਾ ਤਜਰਬਾ ਹੋਵੇਗਾ ਅਤੇ ਜਿਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।
4. ਵੈਂਡਰ ਚੰਡੀਗੜ੍ਹ, ਮੋਹਾਲੀ ਜਾਂ ਪੰਚਕੂਲਾ (ਟ੍ਰਾਈਸਿਟੀ) ਵਿੱਚੋਂ ਹੀ ਹੋਣਾ ਚਾਹੀਦਾ ਹੈ।

ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਵੱਲੋਂ ਆਪਣੀਆਂ ਰੇਟ ਕੁਟੇਸ਼ਨਾਂ ਮਿਤੀ **2 ਜੁਲਾਈ, 2024 ਨੂੰ ਸ਼ਾਮ 4.00 ਵਜੇ** ਤੱਕ ਸਕੱਤਰ, ਪੰਜਾਬ ਵਿਧਾਨ ਸਭਾ ਦੀ ਆਫੀਸ਼ੀਅਲ ਈ-ਮੇਲ **secy-vs-punjab@nic.in** ਤੇ ਹਰ ਹਾਲਤ ਵਿੱਚ ਭੇਜਣ। ਇਹ ਕੁਟੇਸ਼ਨਾਂ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦੇ ਨਾਮ ਤੇ ਸੰਬੋਧਿਤ ਹੋਣੀਆਂ ਚਾਹੀਦੀਆਂ ਹਨ। ਨਿਰਧਾਰਤ ਮਿਤੀ ਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਕੁਟੇਸ਼ਨਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਇਹ ਕੁਟੇਸ਼ਨਾਂ ਮਿਤੀ 2 ਜੁਲਾਈ, 2024 ਨੂੰ ਸ਼ਾਮ 4.30 ਵਜੇ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦੇ ਦਫ਼ਤਰ ਵਿੱਚ ਖੋਲ੍ਹ ਦਿੱਤੀਆਂ ਜਾਣਗੀਆਂ। ਕੁਟੇਸ਼ਨਾਂ ਸਬੰਧੀ ਕੋਈ ਵੀ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਕੋਲ ਹੋਵੇਗਾ।

**ਮਿਤੀ: 25/06/2024**

**ਸਕੱਤਰ**
**ਪੰਜਾਬ ਵਿਧਾਨ ਸਭਾ,**
**ਚੰਡੀਗੜ੍ਹ।**